News release

# ਅਲਬਰਟਾ ਵੱਲੋਂ ਵੈਕਸੀਨ ਦੀ ਚੌਥੀ ਖੁਰਾਕ ਤੱਕ ਵੱਧ ਪਹੁੰਚ

ਅਪ੍ਰੈਲ 6, 2022

---

**ਅਲਬਰਟਾ ਕੋਵਿਡ-19 ਵੈਕਸੀਨ ਦੀ ਚੌਥੀ ਖੁਰਾਕ ਅਤੇ ਪੈਕਸਲੋਵਿਡ ਦਵਾਈ ਲਈ ਯੋਗਤਾ ਵਧਾ ਰਿਹਾ ਹੈ ਤਾਂ ਜੋ ਗੰਭੀਰ ਬਿਮਾਰੀ ਦੇ ਸਭ ਤੋਂ ਵੱਧ ਜੋਖਮ ਵਾਲੇ ਲੋਕਾਂ ਦੀ ਸੁਰੱਖਿਆ ਹੋ ਸਕੇ।**

ਹਸਪਤਾਲ ਵਿੱਚ ਕੋਵਿਡ-19 ਪੌਜ਼ਿਟਿਵ ਮਰੀਜ਼ਾਂ ਦੀ ਗਿਣਤੀ ਸਥਿਰ ਬਣੀ ਹੋਈ ਹੈ ਅਤੇ ਸਾਲ ਦੇ ਇਸ ਸਮੇਂ ਅਨੁਸਾਰ ਹਸਪਤਾਲ ਵਿੱਚ ਮਰੀਜ਼ਾਂ ਦੀ ਗਿਣਤੀ ਆਮ ਵਾਂਗ ਹੈ। ਹਾਲਾਂਕਿ ਓਮਿਕਰੋਨ ਸਬਵੇਰਿਅੰਟ BA.2 ਹੁਣ ਸੂਬੇ ਵਿੱਚ ਨਵੇਂ ਕੇਸਾਂ ਦਾ ਲਗਭਗ 80 ਪ੍ਰਤੀਸ਼ਤ ਹੈ ਜਿਸ ਨਾਲ ਬਿਮਾਰੀ ਫੈਲਣ ਅਤੇ ਹਸਪਤਾਲ ਦਾਖਲੇ ਵਿੱਚ ਕੁਝ ਵਾਧਾ ਹੋਣ ਦੀ ਸੰਭਾਵਨਾ ਹੈ।

ਅਲਬਰਟਾ ਵਾਸੀਆਂ ਨੂੰ ਗੰਭੀਰ ਬਿਮਾਰ ਹੋਣ ਤੋਂ ਬਚਾਉਣ ਵਿੱਚ ਮਦਦ ਕਰਨ ਲਈ ਸੂਬਾ ਕੋਵਿਡ-19 ਵੈਕਸੀਨ ਦੀ ਚੌਥੀ ਖੁਰਾਕ ਅਤੇ ਪੈਕਸਲੋਵਿਡ ਦਵਾਈ ਲਈ ਯੋਗਤਾ ਵਧਾ ਰਿਹਾ ਹੈ ਅਤੇ ਕੋਵਿਡ-19 ਦੇ ਵਧੇਰੇ ਟੀਕੇ ਉਪਲਬਧ ਕਰਵਾ ਰਿਹਾ ਹੈ ਅਤੇ ਨਾਲ ਹੀ ਰੈਪਿਡ ਟੈਸਟਾਂ ਨੂੰ ਵੀ ਆਸਾਨੀ ਨਾਲ ਪਹੁੰਚਯੋਗ ਬਣਾਉਣਾ ਜਾਰੀ ਰੱਖ ਰਿਹਾ ਹੈ।

ਜਿਵੇਂ ਕਿ ਸੂਬੇ ਵਿੱਚ ਲਗਾਤਾਰ ਇਸ ਸਬੰਧੀ ਬਦਲਾਅ ਜਾਰੀ ਹੈ ਤਾਂ ਸਾਰੇ ਅਲਬਰਟਾਵਾਸੀਆਂ ਲਈ ਖੁਦ ਵਿਅਕਤੀਗਤ ਜੋਖਮ ਤੇ ਵਿਚਾਰ ਜਰੂਰੀ ਹੈ। ਜੇਕਰ ਉਨ੍ਹਾਂ ਨੂੰ ਜਾਂ ਕਿਸੇ ਨੇੜਲੇ ਨੂੰ ਕੋਵਿਡ-19 ਦੇ ਗੰਭੀਰ ਨਤੀਜਿਆਂ ਦਾ ਖਤਰਾ ਹੈ ਤਾਂ ਸੂਬਾ ਵਾਧੂ ਸਾਵਧਾਨੀਆਂ ਵਰਤਣ ਦੀ ਸਿਫ਼ਾਰਸ਼ ਕਰਦਾ ਹੈ।

## ਚੌਥੀ ਖੁਰਾਕ ਦਾ ਵਿਸਥਾਰ

12 ਅਪ੍ਰੈਲ ਤੋਂ ਅਲਬਰਟਾ ਦੇ 70 ਅਤੇ 65 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਅਲਬਰਟਾਵਾਸੀ ਅਤੇ ਸਮੂਹਿਕ ਦੇਖਭਾਲ ਵਿੱਚ ਕਿਸੇ ਵੀ ਉਮਰ ਦੇ ਬਜ਼ੁਰਗਾਂ ਨੂੰ ਵੈਕਸੀਨ ਦੀ ਚੌਥੀ ਖੁਰਾਕ ਮਿਲ ਸਕਦੀ ਹੈ। ਇਹ ਟੀਕਾਕਰਨ ਰਾਸ਼ਟਰੀ ਸਲਾਹਕਾਰ ਕਮੇਟੀ (NACI) ਦੀ ਤਾਜ਼ਾ ਸਿਫਾਰਸ਼ ਦੇ ਅਨੁਸਾਰ ਹੈ।

ਟੀਕੇ BA.2 ਅਤੇ BA.1 ਦੋਵਾਂ ਵੇਰੀਐਂਟ ਦੇ ਗੰਭੀਰ ਨਤੀਜਿਆਂ ਤੋਂ ਵੱਧੀਆ ਸੁਰੱਖਿਆ ਪ੍ਰਦਾਨ ਕਰਦੇ ਹਨ ਅਤੇ ਸਭ ਤੋਂ ਵੱਧ ਜੋਖਮ ਵਿੱਚ ਲੋਕਾਂ ਲਈ ਚੌਥੀ ਖੁਰਾਕ ਸੁਰੱਖਿਆ ਨੂੰ ਹੋਰ ਵਧਾਏਗੀ।

ਯੋਗ ਵਿਅਕਤੀ ਆਪਣੀ ਤੀਜੀ ਖੁਰਾਕ ਤੋਂ ਘੱਟੋ-ਘੱਟ ਪੰਜ ਮਹੀਨੇ ਬੀਤਣ ਤੇ ਚੌਥੀ ਖੁਰਾਕ ਬੁੱਕ ਕਰ ਸਕਦੇ ਹਨ। ਬੁਕਿੰਗ ਅਲਬਰਟਾ ਵੈਕਸੀਨ ਬੁਕਿੰਗ ਸਿਸਟਮ ਦੁਆਰਾ ਜਾਂ 811 ਤੇ ਕਾਲ ਕਰਕੇ ਜਾਂ ਭਾਗੀਦਾਰ ਫਾਰਮੇਸੀ ਦੁਆਰਾ ਉਪਲਬਧ ਹੈ।

ਅੰਤਰਰਾਸ਼ਟਰੀ ਯਾਤਰਾ ਲਈ ਚੌਥੀ ਖੁਰਾਕ ਦੀ ਲੋੜ ਅਨੁਸਾਰ ਬੁੱਕ ਕੀਤੀ ਜਾ ਸਕਦੀ ਹੈ ਭਾਵੇਂ ਇਹ ਖੁਰਾਕਾਂ ਦੀ ਹੁਣ ਡਾਕਟਰੀ ਸਿਫਾਰਸ਼ ਨਹੀਂ ਕੀਤੀ ਜਾਂਦੀ ਹੈ।

## ਵੈਕਸੀਨ ਦੀ ਚੋਣ ਦਾ ਵਿਸਥਾਰ

12 ਅਪ੍ਰੈਲ ਤੋਂ ਅਲਬਰਟਾ ਨੂੰ ਨੋਵਾਵੈਕਸ ਦੀ ਨੁਵੈਕਸੋਵਿਡ ਦੀਆਂ 10,000 ਖੁਰਾਕਾਂ ਪ੍ਰਾਪਤ ਹੋਣਗੀਆਂ।

ਨੁਵੈਕਸੋਵਿਡ ਇੱਕ ਦੋ-ਡੋਜ਼ ਪ੍ਰੋਟੀਨ ਸਬਯੂਨਿਟ ਵੈਕਸੀਨ ਹੈ ਜੋ mRNA(ਐਮਆਰਐਨਏ) ਤਕਨੀਕ ਦੀ ਵਰਤੋਂ ਨਹੀਂ ਕਰਦੀ ਅਤੇ 18 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਮਨਜ਼ੂਰ ਕੀਤੀ ਹੈ। ਸੀਮਤ ਸਪਲਾਈ ਕਾਰਨ ਇਸ ਵੈਕਸੀਨ ਲਈ ਬੁਕਿੰਗ ਸਿਰਫ 811 ਤੇ ਕਾਲ ਕਰਕੇ ਹੀ ਕੀਤੀ ਜਾ ਸਕਦੀ ਹੈ।

12 ਅਪ੍ਰੈਲ ਤੋਂ 6 ਤੋਂ 11 ਸਾਲ ਦੇ ਬੱਚਿਆਂ ਲਈ ਮੌਡਰਨਾ mRNA ਵੈਕਸੀਨ ਨਾਲ ਇੱਕ ਹੋਰ ਵਿਕਲਪ ਵੀ ਹੋਵੇਗਾ। ਇਹ ਐਨਏਸੀਆਈ(NACI) ਦੀਆਂ ਤਾਜ਼ਾ ਸਿਫ਼ਾਰਸ਼ਾਂ ਅਨੁਸਾਰ ਹੈ। ਅਪੌਆਇੰਟਮੈਂਟ ਅਲਬਰਟਾ ਵੈਕਸੀਨ ਬੁਕਿੰਗ ਸਿਸਟਮ ਦੁਆਰਾ ਜਾਂ 811 ਤੇ ਕਾਲ ਕਰਕੇ ਜਾਂ ਭਾਗ ਲੈਣ ਵਾਲੀ ਫਾਰਮੇਸੀ ਦੁਆਰਾ ਉਪਲਬਧ ਹਨ।

## ਪੈਕਸਲੋਵਿਡ ਦੀ ਯੋਗਤਾ ਦਾ ਵਿਸਥਾਰ

6 ਅਪ੍ਰੈਲ ਤੋਂ ਪ੍ਰਭਾਵੀ, ਯੋਗਤਾ ਦੇ ਵਿਸਥਾਰ ਵਿੱਚ ਇਹ ਸ਼ਾਮਲ ਕੀਤਾ ਗਿਆ ਹੈ:

- ਫਸਟ ਨੇਸ਼ਨਜ਼, ਮੇਤੀ ਅਤੇ ਇਨੂਇਟ ਲੋਕ ਜਿਨ੍ਹਾਂ ਦੀ ਉਮਰ 45 ਸਾਲ ਅਤੇ ਇਸ ਤੋਂ ਵੱਧ ਹੈ ਅਤੇ ਜਿਨ੍ਹਾਂ ਨੂੰ ਟੀਕਾ ਨਹੀਂ ਲਗਾਇਆ ਗਿਆ ਜਾਂ ਜਿੰਨਾਂ ਨੂੰ ਵੈਕਸੀਨ ਦੀ ਸਿਰਫ਼ ਇੱਕ ਖੁਰਾਕ ਮਿਲੀ ਹੈ
- ਲੰਬੇ ਸਮੇਂ ਦੀ ਦੇਖਭਾਲ ਅਤੇ ਕੁਝ ਸਹਾਇਕ ਰਿਹਾਇਸ਼ਾਂ ਦੇ ਵਸਨੀਕ ਬਗੈਰ ਕਿਸੇ ਟੀਕਾਕਰਨ ਦੀ ਸਥਿਤੀ ਤੋਂ

ਬਿਨਾਂ ਕਿਸੇ ਵੈਕਸੀਨੇਸ਼ਨ ਸਥਿਤੀ ਸਮੇਤ ਸਾਰੇ ਪਹਿਲਾਂ ਤੋਂ ਯੋਗ ਵਿਅਕਤੀ ਉਸੇ ਤਰਾਂ ਯੋਗ ਹਨ।

ਪੈਕਸਲੋਵਿਡ ਉਨ੍ਹਾਂ ਮਰੀਜ਼ਾਂ ਲਈ ਉਪਲਬਧ ਹੈ ਜਿਨ੍ਹਾਂ ਨੂੰ ਲੈਬ ਦੁਆਰਾ ਪੁਸ਼ਟੀ ਕੀਤੀ ਕੋਵਿਡ-19 ਦੀ ਲਾਗ ਹੈ ਅਤੇ ਲੱਛਣ ਸ਼ੁਰੂ ਹੋਣ ਦੇ ਪੰਜ ਦਿਨਾਂ ਦੇ ਅੰਦਰ ਦਵਾਈ ਲੈ ਸਕਦੇ ਹਨ।

## ਸਿਹਤ ਸੰਭਾਲ ਪ੍ਰਣਾਲੀ ਦੀ ਸਮਰੱਥਾ ਨੂੰ ਯਕੀਨੀ ਬਣਾਉਣਾ

ਅਲਬਰਟਾ ਸਰਕਾਰ ਬਜਟ 2022 ਵਿੱਚ 100 ਮਿਲੀਅਨ ਡਾਲਰ ਦੇ ਨਿਵੇਸ਼ ਵੱਜੋਂ ਮੌਜੂਦਾ ਸਮਰੱਥਾ ਨਾਲੋਂ ਲਗਭਗ 30 ਪ੍ਰਤੀਸ਼ਤ ਵਾਧੇ ਲਈ ਇਸ ਸਾਲ 50 ਸਥਾਈ, ਪੂਰੀ ਤਰ੍ਹਾਂ ਸਟਾਫ਼ ਵਾਲੇ ਇੰਟੈਂਸਿਵ ਕੇਅਰ ਯੂਨਿਟ (ICU) ਬੈੱਡ ਜੋੜ ਰਹੀ ਹੈ। ਇਹ ਬੈੱਡ ਅਲਬਰਟਾ ਦੀ ਸਿਹਤ-ਸੰਭਾਲ ਸਮਰੱਥਾ ਵਿੱਚ ਵਾਧਾ ਕਰਨਗੇ ਤਾਂ ਜੋ ਸਿਸਟਮ ਨੂੰ ਵੱਧ ਭੀੜ ਤੋਂ ਰੋਕਿਆ ਜਾ ਸਕੇ ਜੋ ਕੋਵਿਡ-19 ਮਹਾਂਮਾਰੀ ਦੀਆਂ ਪਿਛਲੀਆਂ ਲਹਿਰਾਂ ਦੌਰਾਨ ਇੱਕ ਵੱਡੀ ਚਿੰਤਾ ਰਹੀ ਹੈ।

# ਰੈਪਿਡ ਟੈਸਟਾਂ ਤੱਕ ਪਹੁੰਚ

ਅਲਬਰਟਾ ਮੁਫਤ ਰੈਪਿਡ ਟੈਸਟ ਪ੍ਰਦਾਨ ਕਰਨਾ ਜਾਰੀ ਰੱਖੇਗਾ। 14.2 ਮਿਲੀਅਨ ਤੋਂ ਵੱਧ ਰੈਪਿਡ ਟੈਸਟਾਂ ਨੂੰ ਜਨਤਾ ਲਈ ਫਾਰਮੇਸੀਆਂ ਅਤੇ ਏਐੱਚਐਸ ਮੁਲਾਂਕਣ ਕੇਂਦਰਾਂ ਵਿੱਚ ਵੰਡਿਆ ਗਿਆ ਹੈ।

ਲੋਕੇਸ਼ਨ(ਸਥਾਨ) ਲੱਭਣ ਲਈ alberta.ca/CovidRapidTests ਤੇ ਜਾਓ। ਰੈਪਿਡ ਟੈਸਟ ਕਿੱਟ ਲੈਣ ਲਈ ਅਲਬਰਟਾ ਹੈਲਥ ਕੇਅਰ ਕਾਰਡ ਦੀ ਲੋੜ ਨਹੀਂ ਹੈ।